**ਮਾਡਲ ਪ੍ਰਸ਼ਨ ਪੱਤਰ (ਲਿਖਤੀ)**

**2022-23**

**ਸਮਾਜਿਕ ਵਿਗਿਆਨ**

**ਸ਼੍ਰੇਣੀ ਅੱਠਵੀਂ**

**ਸਮਾਂ: 3 ਘੰਟੇ** **ਕੁੱਲ ਅੰਕ: 70**

**ਨੋਟ :** **1. ਪ੍ਰਸ਼ਨ ਪੱਤਰ ਵਿੱਚ ਕੁੱਲ 11 ਪ੍ਰਸ਼ਨ ਹਨ ਤੇ ਸਾਰੇ ਪ੍ਰਸ਼ਨ ਲਾਜ਼ਮੀ ਹਨ।**

**2. ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ। ਭਾਗ-ੳ ਸਾਂਝੇ ਬਹੁ-ਵਿਕਲਪੀ ਪ੍ਰਸ਼ਨਾਂ ਦਾ ਸੰਗ੍ਰਹਿ ਹੈ। ਭਾਗ-ਅ ਭੂਗੋਲ ਭਾਗ ਹੈ, ਭਾਗ-ੲ ਇਤਿਹਾਸ ਭਾਗ ਹੈ ਤੇ ਭਾਗ-ਸ ਨਾਗਰਿਕ ਸ਼ਾਸਤਰ ਭਾਗ ਹੈ।**

**3. ਹਰ ਭਾਗ ਵਿੱਚ ਦਿੱਤੇ ਨੋਟ ਅਨੁਸਾਰ ਪ੍ਰਸ਼ਨਾਂ ਦੇ ਉੱਤਰ ਦਿੱਤੇ ਜਾਣ।**

## ਭਾਗ-ੳ

ਪ੍ਰਸ਼ਨ 1: ਹਰ ਬਹੁਵਿਕਲਪੀ ਪ੍ਰਸ਼ਨ ਇੱਕ ਅੰਕ ਦਾ ਹੈ, ਸਾਰੇ ਪ੍ਰਸ਼ਨ ਲਾਜ਼ਮੀ ਹਨ। ਹੇਠ ਲਿਖਿਆਂ ਵਿੱਚੋਂ ਸਹੀ ਵਿਕਲਪ ਚੁਣ ਕੇ ਲਿਖੋ। 15x1=15

i. ਕਿਹੜਾ ਜੋੜਾ ਕੁਦਰਤੀ ਸਾਧਨ ਨਹੀਂ ਹੈ?
(ੳ) ਮਿੱਟੀ ਤੇ ਭੂਮੀ (ਅ) ਜਲ ਅਤੇ ਖਣਿਜ
(ੲ) ਮਨੁੱਖ ਅਤੇ ਜਲ (ਸ) ਰੇਡੀਓ ਅਤੇ ਟੀ.ਵੀ.

ii. ਕਿਹੜਾ ਜਲ ਦਾ ਕੁਦਰਤੀ ਸਰੋਤ ਨਹੀਂ ਹੈ?
(ੳ) ਵਰਖਾ (ਅ)ਪਾਣੀ ਵਾਲੀ ਟੈਂਕੀ
(ੲ) ਦਰਿਆ (ਸ) ਜ਼ਮੀਨਦੋਜ਼ ਜਲ

iii. ਕਿਹੜੀ ਫ਼ਸਲ ਅਨਾਜ ਨਹੀਂ ਹੈ?
(ੳ) ਝੋਨਾ (ਅ) ਕਣਕ
(ੲ) ਪਟਸਨ (ਸ) ਮੱਕੀ

iv. ਕਿਹੜੀ ਆਫ਼ਤ ਕੁਦਰਤੀ ਹੈ?
(ੳ) ਸੁਨਾਮੀ (ਅ)ਜੰਗ
(ੲ) ਸਨਅਤੀ ਹਾਦਸੇ (ਸ)ਦਹਿਸ਼ਤਵਾਦ

v. ਕਿਹੜਾ ਤੱਤ ਊਰਜਾ ਦਾ ਸਾਧਨ ਨਹੀਂ ਹੈ?
(ੳ) ਕੋਲਾ (ਅ) ਕੁਦਰਤੀ ਗੈਸ
(ੲ) ਪੈਟਰੋਲੀਅਮ (ਸ) ਲੋਹਾ

vi. ਕਿਹੜੀ ਕਿਸਮ ਦਾ ਕੋਲਾ ਸਭ ਤੋਂ ਵਧੀਆ ਹੁੰਦਾ ਹੈ?
(ੳ) ਲਿਗਨਾਈਟ (ਅ)ਪੀਟ
(ੲ) ਐਂਥਰੇਸਾਈਟ (ਸ) ਬਿਟੂਮਿਨਿਸ

vii. ਕਿਹੜਾ ਸਾਧਨ ਇਤਿਹਾਸ ਦਾ ਅਜੋਕਾ ਸਾਧਨ ਨਹੀਂ ਹੈ?
(ੳ) ਪੁਸਤਕਾਂ (ਅ) ਸਰਕਾਰੀ ਦਸਤਾਵੇਜ਼
(ੲ) ਸ਼ਿਲਾਲੇਖ (ਸ) ਅਖ਼ਬਾਰਾਂ ਤੇ ਰਸਾਲੇ

viii. ਬਿਰਸਾ ਮੁੰਡਾ ਨੇ ਕਿਹੜੇ ਇਲਾਕੇ ਵਿੱਚ ਵਿਦਰੋਹ ਅਰੰਭਿਆ ਸੀ?
(ੳ) ਦੱਖਣੀ ਪਠਾਰ (ਅ) ਛੋਟਾ ਨਾਗਪੁਰ
(ੲ) ਚੰਬਲ ਦੀ ਘਾਟੀ (ਸ) ਦਮੋਦਰ ਦੀ ਘਾਟੀ

ix. ਕਿਹੜਾ ਆਗੂ ਸੰਨ 1857 ਦੇ ਵਿਦਰੋਹ ਨਾਲ ਸਬੰਧਤ ਨਹੀਂ ਹੈ?
(ੳ) ਰਾਣੀ ਲਕਸ਼ਮੀ ਬਾਈ (ਅ) ਤਾਂਤੀਆ ਟੋਪੇ
(ੲ) ਮਹਾਰਾਣਾ ਪ੍ਰਤਾਪ (ਸ) ਨਾਨਾ ਸਾਹਿਬ

x. ਕਿਹੜਾ ਆਗੂ ਭਾਰਤੀ ਸੁਧਾਰਵਾਦੀ ਲਹਿਰ ਦਾ ਹਿੱਸਾ ਨਹੀਂ ਸੀ?
(ੳ) ਰਾਜਾ ਰਾਮ ਮੋਹਨ ਰਾਇ (ਅ) ਐਨੀ ਬੇਸੈਂਟ
(ੲ) ਈਸ਼ਵਰ ਚੰਦਰ ਵਿਦਿਆਸਾਗਰ (ਸ) ਏ.ਓ. ਹਿਊਮ

xi. 'ਸੱਤਿਆ ਸ਼ੋਧਕ ਸੁਸਾਇਟੀ' ਦੀ ਸਥਾਪਨਾ ਕਿਸ ਆਗੂ ਨੇ ਕੀਤੀ?
(ੳ) ਪਰਿਆਰ ਰਾਮਸਵਾਮੀ (ਅ) ਜਿਓਤੀਬਾ ਫੂਲੇ
(ੲ) ਸ਼੍ਰੀ ਨਰਾਇਣ ਗੁਰੂ (ਸ)ਵੀਰ ਸਾਲਿਗਰਾਮ

xii. ਸ਼ਾਹਜਹਾਨਾਬਾਦ ਕਿਹੜੇ ਸ਼ਹਿਰ ਦਾ ਪੁਰਾਣਾ ਨਾਮ ਹੈ?
(ੳ) ਕੋਲਕਾਤਾ (ਅ) ਚੇਨਈ
(ੲ) ਮੁੰਬਈ (ਸ) ਦਿੱਲੀ

Downloaded from eclchapter.com

xiii. ਭਾਰਤ ਦਾ ਸੰਵਿਧਾਨ ਕਿਸ ਮਿਤੀ ਨੂੰ ਤਿਆਰ ਹੋਇਆ ਸੀ?
(ੳ) 26, ਜਨਵਰੀ,1949 (ਅ) 26, ਨਵੰਬਰ,1949
(ੲ) 26 ਜਨਵਰੀ,1950 (ਸ) 26 ਨਵੰਬਰ,1950

xiv. ਸੰਵਿਧਾਨ ਦੇ ਅਨੁਛੇਦ 14 ਤੋਂ 32 ਤੱਕ ਕਿਹੜੇ ਵਿਸ਼ੇ ਬਾਰੇ ਹਨ?
(ੳ) ਮੌਲਿਕ ਅਧਿਕਾਰ (ਅ) ਮੌਲਿਕ ਕਰਤੱਵ
(ੲ) ਰਾਜ ਦੀ ਨੀਤੀ ਦੇ ਨਿਰਦੇਸ਼ਕ (ਸ) ਸੰਸਦੀ ਬਣਤਰ

xv. ਭਾਰਤ ਵਿੱਚ ਜਾਤੀ ਹੀ ਸਭ ਤੋਂ ਸਿਆਸੀ ਜਮਾਤ ਹੈ, ਇਹ ਸ਼ਬਦ ਕਿਸਨੇ ਕਹੇ?
(ੳ) ਮਹਾਤਮਾ ਗਾਂਧੀ (ਅ) ਜਵਾਹਰ ਲਾਲ ਨਹਿਰੂ
(ੲ) ਜੈ ਪ੍ਰਕਾਸ਼ ਨਰਾਇਣ (ਸ) ਭੀਮ ਰਾਓ ਅੰਬੇਦਕਰ

**ਭਾਗ- ਅ (ਭੂਗੋਲ)**

ਪ੍ਰਸ਼ਨ 2: ਇਨ੍ਹਾਂ ਵਸਤੂਨਿਸ਼ਠ ਪ੍ਰਸ਼ਨਾਂ ਦੇ ਉੱਤਰ ਘੱਟੋ-ਘੱਟ ਸ਼ਬਦਾਂ ਵਿੱਚ ਦਿਓ:- 4x1=04

i. ਖਜੂਰ, ਥੋਹਰ ਤੇ ਕੰਡੇਦਾਰ ਝਾੜੀਆਂ ________ ਕਿਸਮ ਦੀ ਬਨਸਪਤੀ ਦੇ ਬੂਟੇ ਹਨ।
ii. ਰੇਸ਼ੇਦਾਰ ਫ਼ਸਲਾਂ ਦੀਆਂ ਦੋ ਕਿਸਮਾਂ ਕਪਾਹ ਅਤੇ ________ਹਨ।
iii. 'ਚਾਹ ਤੇ ਕਾਫ਼ੀ ਦੇ ਖੇਤੀ ਲਈ ਪੱਧਰੀ ਧਰਾਤਲ ਦੀ ਲੋੜ ਹੁੰਦੀ ਹੈ', ਕਥਨ ਸਹੀ ਹੈ ਜਾਂ ਗਲਤ?
iv. ਹੜ੍ਹ, ਚੱਕਰਵਾਤ ਤੇ ਤੂਫਾਨ ਕੁਦਰਤੀ ਆਫ਼ਤਾਂ ਦੀਆਂ ਕਿਸਮਾਂ ਹਨ, ਕਥਨ ਸਹੀ ਹੈ ਜਾਂ ਗਲਤ?

ਪ੍ਰਸ਼ਨ 3: ਇਨ੍ਹਾਂ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ। ਹਰ ਪ੍ਰਸ਼ਨ ਦੋ ਅੰਕਾਂ ਦਾ ਹੈ। 2x2=04

i. 'ਪਰਵਾਸੀ ਪੰਛੀ ' ਕਿਹੜੇ ਹੁੰਦੇ ਹਨ? ਇਹ ਕਿਥੋਂ ਆਉਂਦੇ ਹਨ?
ii. ਭਾਰਤ ਵਿੱਚ ਕੱਚਾ ਲੋਹਾ ਕਿੱਥੇ-ਕਿੱਥੇ ਮਿਲਦਾ ਹੈ, ਕੋਈ ਦੋ ਸਥਾਨ ਦੱਸੋ।

ਪ੍ਰਸ਼ਨ 4: ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ-ਇੱਕ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ: 2x3=06

i. ਦਰਿਆਵਾਂ ਅਤੇ ਨਹਿਰਾਂ ਦੇ ਕੋਈ ਤਿੰਨ ਲਾਭ ਲਿਖੋ।

**ਜਾਂ**

ਪਣ ਬਿਜਲੀ ਉਤਪਾਦਨ ਲਈ ਲੋੜੀਂਦੇ ਕੋਈ ਤਿੰਨ ਤੱਤਾਂ ਦਾ ਵਰਨਣ ਕਰੋ।

ii. ਸੋਕੇ ਤੋਂ ਬਚਾਅ ਲਈ ਕੀ ਕਦਮ ਚੁੱਕੇ ਜਾ ਸਕਦੇ ਹਨ? ਕੋਈ ਤਿੰਨ ਦਾ ਵਰਨਣ ਕਰੋ।

**ਜਾਂ**

ਮੁੱਕਣਯੋਗ ਸਾਧਨਾਂ ਨੂੰ ਸੰਜਮ ਨਾਲ ਵਰਤੇ ਜਾਣ ਦੀ ਲੋੜ ਕਿਉਂ ਹੈ?

ਪ੍ਰਸ਼ਨ 5: ਇਨ੍ਹਾਂ ਦਸ ਸਥਾਨਾਂ ਵਿੱਚੋਂ ਕੋਈ ਸੱਤ ਭਾਰਤ ਦੇ ਖਾਕੇ ਵਿੱਚ ਅੰਕਿਤ ਕਰੋ: 7x1=07

i. ਕਾਲ਼ੀ ਮਿੱਟੀ ਵਾਲਾ ਇੱਕ ਪ੍ਰਾਂਤ
ii. ਸੋਨਾ ਉਤਪਾਦਨ ਦਾ ਇੱਕ ਸਥਾਨ
iii. ਦੱਖਣੀ ਭਾਰਤ ਦਾ ਚਾਹ ਉਤਪਾਦਕ ਇਲਾਕਾ
vi. ਭੋਪਾਲ ਸ਼ਹਿਰ ਦੀ ਸਥਿਤੀ
v. ਰਾਜਸਥਾਨ ਵਿੱਚ ਅਬਰਕ ਉਤਪਾਦਕ ਇਲਾਕਾ
vi. ਬ੍ਰਹਮਪੁੱਤਰ ਦਰਿਆ
vi. ਡੈਲਟਾ ਜਿਹੀ ਬਨਸਪਤੀ ਦਾ ਇੱਕ ਇਲਾਕਾ
viii. ਛੱਤੀਸਗੜ੍ਹ ਪ੍ਰਾਂਤ
ix ਗਯਾ (ਬਿਹਾਰ) ਦੀ ਸਥਿਤੀ
x ਭਾਖੜਾ ਡੈਮ ਦਾ ਸਥਾਨ

**ਭਾਗ-ੲ (ਇਤਿਹਾਸ)**

ਪ੍ਰਸ਼ਨ 6: ਇਨ੍ਹਾਂ ਵਸਤੂਨਿਸ਼ਠ ਪ੍ਰਸ਼ਨਾਂ ਦੇ ਉੱਤਰ ਘੱਟੋ-ਘੱਟ ਸ਼ਬਦਾਂ ਵਿੱਚ ਦਿਓ:- 4x1=04

i. ਹੈਕਟੇਅਰ, ਭੂਮੀ ਦਾ ਰਕਬਾ ਨਾਪਣ ਦੀ ਇਕਾਈ ਹੈ। ਕਥਨ ਸਹੀ ਹੈ ਜਾਂ ਗਲਤ?
ii. 'ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀ ਸਥਾਪਨਾ ਸੰਨ 1915 ਵਿੱਚ ਹੋਈ' ਕਥਨ ਸਹੀ ਹੈ ਜਾਂ ਗਲਤ?
iii. ਰਾਜਾ ਰਾਮ ਮੋਹਨ ਰਾਏ ਦੇ ਯਤਨਾਂ ਸਦਕਾ ਸੰਨ 1829 ਵਿੱਚ ________ਪ੍ਰਥਾ ਬੰਦ ਹੋਈ।
iv. ਸੰਨ 1843 ਵਿੱਚ ਕਨੂੰਨ ਬਣਾ ਕੇ ________ਪ੍ਰਥਾ ਬੰਦ ਕੀਤੀ ਗਈ।

ਪ੍ਰਸ਼ਨ 7: ਇਨ੍ਹਾਂ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ। ਹਰ ਪ੍ਰਸ਼ਨ 2 ਅੰਕਾਂ ਦਾ ਹੈ। 2x2=04

i. ਗਾਂਧੀ ਜੀ ਨੇ ਕਥਿਤ ਨੀਵੀਂ ਜਾਤੀ ਦੇ ਲੋਕਾਂ ਲਈ ਕਿਹੜਾ ਲਫ਼ਜ਼ ਵਰਤਿਆ ਤੇ ਉਸਦਾ ਭਾਵ ਕੀ ਹੈ ?
ii. ਭਾਰਤ ਵਿੱਚ ਸਿਵਿਲ ਸੇਵਾਵਾਂ ਦਾ ਮੋਢੀ ਕਿਸਨੂੰ ਮੰਨਿਆ ਜਾਂਦਾ ਹੈ?

Downloaded from cclchapter.com

ਪ੍ਰਸ਼ਨ 8: ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ-ਇੱਕ ਉੱਤਰ 50-60 ਸ਼ਬਦਾਂ ਵਿੱਚ ਦਿਓ: 4x3=12

i. ਰੈਗੂਲੇਟਰੀ ਐਕਟ ਤੋਂ ਕੀ ਭਾਵ ਹੈ? ਵਿਸਥਾਰ ਸਹਿਤ ਲਿਖੋ।

**ਜਾਂ**

ਉਨੀਵੀਂ ਸਦੀ ਵਿੱਚ ਇਸਤਰੀ ਦੀ ਦਸ਼ਾ ਤੋਂ ਜਾਣੂ ਕਰਵਾਓ।

ii. ਪਲਾਸੀ ਦੀ ਲੜਾਈ ਤੇ ਇੱਕ ਨੋਟ ਲਿਖੋ।

**ਜਾਂ**

ਸੰਨ 1857ਦੇ ਵਿਦਰੋਹ ਦੀ ਅਸਫ਼ਲਤਾ ਤੇ ਕੀ ਕਾਰਨ ਸਨ?

iii. ਅਖ਼ਬਾਰਾਂ ਤੇ ਰਸਾਲੇ ਇਤਿਹਾਸ ਦੀ ਰਚਨਾ ਲਈ ਸਹਾਈ ਕਿਵੇਂ ਹਨ?

**ਜਾਂ**

ਪੱਛਮੀ ਸਿੱਖਿਆ ਪ੍ਰਬੰਧ ਦੇ ਭਾਰਤ ਤੇ ਕੀ ਅਸਰ ਪਏ?

iv. ਨੀਲ ਵਿਦਰੋਹ 'ਤੇ ਇੱਕ ਨੋਟ ਲਿਖੋ।

**ਜਾਂ**

ਨਾਮਧਾਰੀ ਲਹਿਰ ਕਦੋਂ, ਕਿੱਥੇ ਤੇ ਕਿਸਨੇ ਚਲਾਈ ਸੀ?

## ਭਾਗ-ਸ (ਨਾਗਰਿਕ ਸ਼ਾਸਤਰ)

ਪ੍ਰਸ਼ਨ-9: ਇਨ੍ਹਾਂ ਵਸਤੂਨਿਸ਼ਠ ਪ੍ਰਸ਼ਨਾਂ ਦੇ ਉੱਤਰ ਘੱਟੋ-ਘੱਟ ਸ਼ਬਦਾਂ ਵਿੱਚ ਦਿਓ:- 4x1=04

i. 'ਪ੍ਰਸਤਾਵਨਾ ਭਾਰਤੀ ਸੰਵਿਧਾਨ ਦੇ ਅੰਤ ਵਿੱਚ ਹੈ' ਕਥਨ ਸਹੀ ਹੈ ਜਾਂ ਗ਼ਲਤ

ii. 'ਸਿਖਿਆ ਦਾ ਹੱਕ ਮੌਲਿਕ ਅਧਿਕਾਰ ਹੈ' ਕਥਨ ਸਹੀ ਹੈ ਜਾਂ ਗ਼ਲਤ

iii. ਵਿੱਤ ਬਿਲ ਸਿਰਫ਼ .................. ਸਦਨ ਵਿੱਚ ਹੀ ਪੇਸ਼ ਕੀਤਾ ਜਾਂਦਾ ਹੈ।

iv. ..................ਭਾਰਤ ਦੇ ਪ੍ਰਥਮ ਰਾਸ਼ਟਰਪਤੀ ਸਨ।

ਪ੍ਰਸ਼ਨ-10 ਇਨ੍ਹਾਂ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ। ਹਰ ਪ੍ਰਸ਼ਨ 2 ਅੰਕਾਂ ਦਾ ਹੈ। 2x2=04

i. ਕਾਨੂੰਨ ਦਾ ਕੀ ਮਹੱਤਵ ਹੁੰਦਾ ਹੈ?

ii. ਸੰਵਿਧਾਨ ਦੇ ਕਿਹੜੇ ਅਨੁਛੇਦ ਰਾਹੀਂ ਛੂਤ-ਛਾਤ ਤੋਂ ਛੁਟਕਾਰਾ ਮਿਲਿਆ ਹੈ?

ਪ੍ਰਸ਼ਨ-11 ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ-ਇੱਕ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ:- 2x3=06

i. ਭਾਰਤ ਦਾ ਸੰਵਿਧਾਨ ਕਿਵੇਂ ਤਿਆਰ ਕੀਤਾ ਗਿਆ?

**ਜਾਂ**

ਜਾਤੀਵਾਦ ਦਾ ਭਾਰਤੀ ਲੋਕਤੰਤਰ ਤੇ ਕੀ ਅਸਰ ਪਿਆ ਹੈ?

ii. 'ਅਧਿਕਾਰ ਤੇ ਕਰਤੱਵ,ਇੱਕ ਹੀ ਸਿੱਕੇ ਦੇ ਦੋ ਪਹਿਲੂ ਹਨ' ਕਿਵੇਂ?

**ਜਾਂ**

ਫ਼ੌਜਦਾਰੀ ਮਾਮਲੇ ਕੀ ਹੁੰਦੇ ਹਨ। ਦੀਵਾਨੀ ਤੇ ਫ਼ੌਜਦਾਰੀ ਮਾਮਲਿਆਂ ਵਿੱਚ ਕੀ ਅੰਤਰ ਹੈ?

Downloaded from cclchapter.com